weeklypoetry.com

Exam. Code : 108503
Subject Code : 2114

B.Com. 3rd Semester

PUNJABI COMPULSORY

Paper–BCG–302 (i)

Time Allowed—3 Hours] [Maximum Marks—50

ਨੋਟ : ਸਾਰੇ ਪ੍ਰਸ਼ਨ ਜ਼ਰੂਰੀ ਕਰਨੇ ਹਨ।

1. **'ਮੇਰੇ ਦਾਦੀ ਜੀ'** ਅਤੇ **'ਵਤਨ ਦਾ ਪਿਆਰ'** ਵਿੱਚੋਂ ਕਿਸੇ **ਇੱਕ** ਨਿਬੰਧ ਦੇ ਵਿਸ਼ਾ-ਵਸਤੂ ਦਾ ਵਰਨਣ ਕਰੋ। 15

2. **'ਗੁੰਮਸ਼ੁਦਾ'** ਅਤੇ **'ਸਮਾਂ ਮੰਗ ਕਰਦਾ ਹੈ'** ਇਕਾਂਗੀਆਂ ਵਿੱਚੋਂ ਕਿਸੇ **ਇੱਕ** ਦੀਆਂ ਨਾਟ-ਜੁਗਤਾਂ ਦਾ ਵਰਨਣ ਕਰੋ। 15

3. ਵਿਆਕਰਣ ਇਕਾਂਗੀਆਂ ਨੂੰ ਪਰਿਭਾਸ਼ਤ ਕਰਦਿਆਂ ਕਿਸੇ **ਇੱਕ** ਇਕਾਈ ਨੂੰ ਉਦਾਹਰਣਾਂ ਸਹਿਤ ਵਰਨਣ ਕਰੋ। 10

4. ਹੇਠ ਲਿਖੇ ਪੈਰ੍ਹੇ ਦੀ ਇਕ ਤਿਹਾਈ ਸ਼ਬਦਾਂ ਵਿੱਚ ਸੰਖੇਪ ਰਚਨਾ ਕਰੋ ਅਤੇ ਇਸਦਾ ਢੁੱਕਵਾਂ ਸਿਰਲੇਖ ਵੀ ਦਿਉ :

ਕਿਸੇ ਕੌਮ ਅੰਦਰ ਇਸਤਰੀ ਜਾਤੀ ਨੂੰ ਯੋਗ ਅਸਥਾਨ ਪ੍ਰਾਪਤ ਹੋਣਾ ਵੀ ਸੱਭਿਅਤਾ ਦਾ ਇਕ ਸੁਹਣਾ ਮਾਪ ਹੈ। ਜਿਸ ਤਰ੍ਹਾਂ ਗ਼ਰੀਬੀ ਅਤੇ ਮਿਹਨਤ ਮਜ਼ਦੂਰੀ ਆਪਣੇ ਨਰੋਏ ਤੇ ਸਾਫ਼ ਦਿਲ ਦਿਮਾਗ਼ ਨਾਲ ਮਾਨਵਤਾ ਦੇ ਨਿਯਮਾਂ ਨੂੰ ਸੁਹਣੀ ਤਰ੍ਹਾਂ ਪੜ੍ਹ ਸਕਦੀਆਂ ਹਨ ਤੇ ਇਨ੍ਹਾਂ ਨਾਲ ਪ੍ਰੇਮ ਕਰਦੀਆ ਹਨ, ਇਸੇ ਤਰ੍ਹਾਂ



weeklypoetry.com

ਮਰਦ ਅਤੇ ਇਸਤਰੀ, ਮਨੁੱਖੀ ਜਾਤੀ ਦੇ ਦੋ ਅੰਗਾਂ ਨੂੰ ਪਰਸਪਰ ਸਤਿਕਾਰ ਸਹਿਤ ਰੱਖੇ ਜਾਣ ਨਾਲ ਇਸਤਰੀ ਜਾਤੀ ਅੰਦਰ ਇਕ ਅਜਿਹਾ ਜਾਦੂ ਅਸਰ ਪੈਦਾ ਹੋ ਜਾਂਦਾ ਹੈ, ਜਿਸ ਨਾਲ ਉਹ ਆਪਣੇ ਸਾਥੀ ਮਰਦ ਅੰਦਰ ਵੀ ਸੁਹਣੇ, ਕੋਮਲ ਤੇ ਕੁਰਬਾਨੀ ਭਰੇ ਭਾਵ ਪੈਦਾ ਕਰ ਸਕਦੀ ਹੈ। ਇਸ ਤਰ੍ਹਾਂ ਫਿਰ ਮਧੁਰ ਅਤੇ ਸੁਚੱਜੇ ਮੇਲ-ਜੋਲ, ਵਿੱਦਿਆ, ਵਾਰਤਾਲਾਪ ਤੇ ਸਿਆਣਪ ਆਦਿ ਗੁਣ ਚੰਗੀ ਤਰ੍ਹਾਂ ਪ੍ਰਫੁਲਿਤ ਹੋਣ ਲੱਗ ਪੈਂਦੇ ਹਨ। ਇਸ ਲਈ ਮੈਂ ਖਿਆਲ ਕਰਦਾ ਹਾਂ ਕਿ ਕਿਸੇ ਸੁਚੱਜੀ ਸਭਿਅਤਾ ਵਿੱਚ ਸੁਸ਼ੀਲ ਇਸਤਰੀਆਂ ਦੇ ਸਾਊ ਅਸਰ ਦਾ ਵੀ ਇਕ ਖ਼ਾਸ ਹਿੱਸਾ ਹੁੰਦਾ ਹੈ। 10



weeklypoetry.com